# ਔਲਖ ਨਾਟ-ਸਾਹਿਤ ਵਿਚ ਸਮਾਜ ਦੀ ਹਿੰਸਕ ਪ੍ਰਵਿਰਤੀ ਬਨਾਮ ਔਰਤ ਦੀ ਦੁਖਾਂਤਕ ਹੋਣੀ ਦਾ ਚਿਤਰਣ

ਡਾ. ਇਕਬਾਲ ਸਿੰਘ ਸੰਧੂ,
ਐਸੋਸੀਏਟ ਪ੍ਰੋਫ਼ੈਸਰ,
ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ,
ਡੀ. ਏ. ਵੀ. ਕਾਲਜ, ਅਬੋਹਰ- 152116

ਅਜਮੇਰ ਸਿੰਘ ਔਲਖ ਪੰਜਾਬੀ ਸਾਹਿਤ ਦਾ ਅਜਿਹਾ ਨਾਟਕਰਮੀ ਹੈ, ਜਿਸ ਨੇ ਪਿੰਡਾਂ ਨੂੰ ਆਪਣੀ ਨਾਟ-ਰਚਨਾ ਦਾ ਆਧਾਰ ਬਣਾਇਆ। ਆਂਚਲਿਕ ਨਾਟਕ ਦੇ ਖੇਤਰ ਵਿਚ ਔਲਖ ਦਾ ਕੋਈ ਸਾਨੀ ਨਹੀਂ। ਪੇਂਡੂ ਜੀਵਨ ਦੀ ਆਰਥਿਕਤਾ, ਸਮਾਜਿਕ ਜੀਵਨ ਅਤੇ ਮਲਵਈ ਉਪਭਾਖਾ ਉਸਦੇ ਨਾਟਕਾਂ ਦੀ ਵਿਸ਼ੇਸ਼ ਪਛਾਣ ਹੈ। ਛੋਟੀ ਕਿਸਾਨੀ ਨੂੰ ਦਰਪੇਸ਼ ਸਮੱਸਿਆਵਾਂ ਅਤੇ ਰਿਸ਼ਤਿਆਂ ਦਾ ਤਾਣਾ-ਬਾਣਾ ਔਲਖ ਨੇ ਬਾਖ਼ੂਬੀ ਚਿੱਤਰਿਆ ਹੈ। ਪਿੰਡੇ ਜੀਵੀ ਯਥਾਰਥਵਾਦੀ ਸਿਰਜਣਾਤਮਕਤਾ ਸਦਕਾ ਔਲਖ ਆਪਣੇ ਸਮਕਾਲੀ ਨਾਟਕਕਾਰਾਂ ਵਿਚ ਹੀ ਨਹੀਂ, ਸਗੋਂ ਸਮੁੱਚੇ ਪੰਜਾਬੀ ਸਾਹਿਤਕਾਰਾਂ ਵਿਚ ਅੱਡਰੀ ਭਾਂਤ ਦੀ ਵਿਲੱਖਣ ਤੇ ਬਹੁਪਰਤੀ ਸ਼ਖ਼ਸ਼ੀਅਤ ਵਜੋਂ ਉਭਰਿਆ ਹੈ।

ਔਲਖ ਨੇ ਨਾਟਕ ਨੂੰ ਸਮਾਜਕ-ਕਾਰਜ ਵਜੋਂ ਨਿਭਾਇਆ ਹੈ, ਰੰਗ-ਤਮਾਸ਼ੇ ਤੇ ਨਿਰੋਲ ਮੰਨੋਰੰਜਨ ਵਜੋਂ ਕਤਈ ਨਹੀਂ। ਔਲਖ ਨੂੰ ਪੁਰਾਤਨ ਤੇ ਵਰਤਮਾਨ ਪੰਜਾਬੀ ਸਮਾਜ ਅੰਦਰਲੇ ਉਤਰਾਵਾਂ-ਚੜ੍ਹਾਵਾਂ, ਵਿਕਾਰਾਂ, ਸੰਭਾਵਨਾਵਾਂ ਤੇ ਆਮ ਆਦਮੀ ਦੇ ਦੁੱਖ-ਸੁੱਖ ਤੇ ਸਮੱਸਿਆਵਾਂ ਦਾ ਗਿਆਨ ਵੀ ਹੈ ਅਤੇ ਜੀਵਨ-ਯਥਾਰਥ ਦੀ ਤਹਿ ਤੱਕ ਪਹੁੰਚ ਕੇ ਜੀਵਨ ਦੀਆਂ ਸੂਖਮ, ਅਣਛੋਹੀਆਂ ਤੇ ਗੁੱਝੀਆਂ ਭਾਵਨਾਵਾਂ ਨੂੰ ਸਮਝਣ ਦੀ ਉਸ ਕੋਲ ਅਨੋਖੀ ਕਲਾ ਵੀ ਹੈ। ਔਲਖ ਦੇ ਨਾਟਕਾਂ ਦੀ ਸੁਰ ਦਾ ਵਧੇਰੇ ਤਿੱਖੀ, ਪ੍ਰਭਾਵਸ਼ਾਲੀ ਤੇ ਨੁਕੀਲੀ ਹੋਣ ਦਾ ਕਾਰਣ ਵੀ ਉਸਦੇ ਦੀ ਜੀਵਨ-ਅਨੁਭਵ ਬਾਰੇ ਵਧੇਰੇ ਪਰਪੱਕਤਾ ਹੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਨਾਟਕਕਾਰੀ ਇਕ ਦੋਹਰੀ ਪ੍ਰਕਿਰਿਆ ਹੈ, ਜਿੱਥੇ ਇਕ ਪਾਸੇ ਇਹ ਸਾਹਿਤ ਨਾਲ ਜੁੜੀ ਹੋਈ ਹੈ, ਉਥੇ ਦੂਜੇ ਪਾਸੇ ਰੰਗਮੰਚ ਨਾਲ ਵੀ। ਔਲਖ ਇਕ ਮਾਰਕਸਵਾਦੀ ਰੰਗਕਰਮੀ ਹੈ, ਉਸਦੀ ਪਛਾਣ ਅਤੇ ਵਿਲੱਖਣਤਾ ਉਸਦੇ ਨਾਟਕਾਂ ਦੀ ਪੇਸ਼ਕਾਰੀ ਵਿਚ ਹੈ। ਉਸਦੀ ਨਾਟਕ-ਕਲਾ, ਸਮਾਜਿਕ ਤੇ ਨਿੱਜੀ ਪ੍ਰਭਾਵਾਂ ਤੋਂ ਵਿਕਸਿਤ ਹੋਈ ਹੈ। ਔਲਖ ਸਫ਼ਲ ਮੰਚ-ਜੜ੍ਹਤ, ਯਥਾਰਥਵਾਦੀ ਰਚਨਾ-ਵਿਧੀ, ਯਥਾਰਥਵਾਦੀ ਤੇ ਅਸਲੀ ਜੀਵਨ ਦੇ ਨੇੜੇ ਦੇ ਪਾਤਰ ਤੇ ਲੋਕ-ਨਾਟ ਜੁਗਤਾਂ ਅਤੇ ਲੋਕ-ਬੋਲੀ ਦੀ ਸੁਚੇਤ ਪੱਧਰ 'ਤੇ ਵਰਤੋਂ ਕਰਦਾ ਹੈ, ਇਸ ਕਰਕੇ ਔਲਖ ਦੇ

ਨਾਟਕਾਂ ਵਿਚ ਸਮੇਂ-ਸਥਾਨ ਦੀ ਅਨੇਕਤਾ ਹੁੰਦੀ ਹੈ ਤੇ ਨਾਟਕੀ-ਕਾਰਜ ਵਿਸ਼ਾਲ ਸਮੇਂ 'ਚ ਫ਼ੈਲਿਆ ਹੁੰਦਾ ਹੈ।

ਔਲਖ ਦੀ ਨਾਟਕ-ਕਲਾ, ਪ੍ਰਚਲਿਤ ਤੇ ਸਥਾਪਤ ਨਾਟਕ-ਕਲਾ ਦੀਆਂ ਕਈ ਮਿੱਥਾਂ ਤੋੜਦੀ, ਕਈ ਨਵੀਆਂ ਸਿਰਜਦੀ ਹੈ ਅਤੇ ਕਈ ਭਰਮਾਂ ਨੂੰ ਹਕੀਕਤ ਵਿਚ ਬਦਲਦੀ ਹੈ।

ਔਲਖ ਦੇ ਨਾਟਕਾਂ ਵਿਚ ਪੰਜਾਬ ਦਾ ਜੀਵਨ ਵੱਸਦਾ ਹੈ। ਇਸ ਵਿਚ ਪਰਿਵਾਰ ਇਕ ਛੋਟੀ ਤੋਂ ਛੋਟੀ ਇਕਾਈ ਵਿਚ ਆਪਣੀ ਭੂਮਿਕਾ ਅਦਾ ਕਰਦਾ ਹੈ। ਪਰਿਵਾਰ ਦਾ ਸਾਰਾ ਕਾਰਜ ਪ੍ਰਬੰਧ ਘਰ ਦੇ ਵੱਡੇ ਮੈਂਬਰ ਭਾਵ ਮਰਦ ਦੇ ਹੱਥ ਵਿਚ ਹੁੰਦਾ ਹੈ। ਮਰਦ ਪ੍ਰਧਾਨ ਸਮਾਜ ਵਿਚ ਸਾਰੇ ਹੀ ਅਧਿਕਾਰ ਮਰਦ ਦੇ ਹੱਥ ਵਿਚ ਹੁੰਦੇ ਹਨ। ਜਿਸ ਕਾਰਣ ਔਰਤ ਦੀ ਸਥਿਤੀ ਗੁਲਾਮਾਂ ਵਾਲੀ ਬਣ ਕੇ ਰਹਿ ਜਾਂਦੀ ਹੈ। ਔਲਖ ਦੇ ਇਸਤਰੀ ਪਾਤਰ ਕਮਜ਼ੋਰ ਨਿਤਾਣੇ ਤੇ ਮਜ਼ਬੂਰ ਹਨ। ਉਹਨਾਂ ਨੂੰ ਆਪਣੇ ਤੀਵੀਂਮਾਨੀ ਹੋਣ ਦਾ ਅਹਿਸਾਸ ਹੈ ਅਤੇ ਉਹ ਇਸ ਯਥਾਰਥ ਨੂੰ ਕਬੂਲਦੀਆਂ ਹਨ। ਇਸ ਸੰਬੰਧ ਵਿਚ ਉਸਦੇ ਨਾਟਕ 'ਝਨਾਂ ਦੇ ਪਾਣੀ' ਵਿਚ ਗੱਲਬਾਤ ਹੈ:

ਗੰਗਾ:- ਪਰ ਬੇਬੇ ਮੈਨੂੰ ਕਿਉਂ ਬਲੀ ਦਾ ਬੱਕਰਾ ਬਣਾਇਆ ਜਾ ਰਿਹੈ ? ਮੇਰਾ ਕਿਆ ਐ ?

ਬਲਬੀਰੋ:- ਤੇਰਾ ਕਸੂਰ ਐ, ਤੂੰ ਤੀਵੀਂ ਮਾਨੀ ਐਂ। ਅਬਲਾ, ਬੇਸਹਾਰਾ ਮੰਡੀ 'ਚ ਵਿਕਣ ਆਲਾ ਵਿਕਾਊ ਮਾਲ! ਹੋਰ ਤੇਰਾ ਕੀ ਕਸੂਰ ਐਂ।"[i]

ਮਰਦ ਹਮੇਸ਼ਾ ਔਰਤ ਨੂੰ ਭੋਗਣ ਦੀ ਵਸਤ ਹੀ ਸਮਝਦਾ ਰਿਹਾ ਹੈ। ਡਾ. ਹਰਵਿੰਦਰ ਸਿੰਘ ਦੇ ਕਥਨ ਅਨੁਸਾਰ 'ਮੁੱਲ ਦੀ ਤੀਵੀਂ ਦੀਆਂ ਭਾਵਨਾਵਾਂ ਆਪਣੀ ਬੋਲੀ, ਧਰਤੀ ਸੰਸਕ੍ਰਿਤੀ, ਪਹਿਰਾਵੇ ਨਾਲੋਂ ਟੁੱਟਣ ਦਾ ਝੋਰਾ, ਮਜ਼ਬੂਰੀ ਵੱਸ ਆਪਣੀ ਬਣੀ ਧਰਤੀ ਨਾਲ ਜੁੜਨ ਦੀ ਲੋਚਾ, ਇਕ ਦਰ ਤੋਂ ਅਗਲੇ ਦਰ ਉੱਪਰ ਭਟਕਣਾ ਆਦਿ ਅਜਿਹੇ ਪੱਖ ਹਨ, ਜੋ ਇਕ ਨਾਟਕ ਵਿਚਲੇ ਤਨਾਉ ਨੂੰ ਸਿਖ਼ਰ ਪ੍ਰਦਾਨ ਕਰਦੇ ਹਨ।"[ii] ਉਪਰੋਕਤ ਕਥਨ ਔਲਖ ਦੇ ਨਾਟਕਾਂ ਉੱਪਰ ਪੂਰੀ ਤਰ੍ਹਾਂ ਨਾਲ ਢੁੱਕਦਾ ਹੈ। ਔਲਖ ਦੇ ਨਾਟਕਾਂ ਵਿਚ ਤਨਾਉ ਭਰਨ ਦੀ ਉਪਰੋਕਤ ਜੁਗਤ ਆਮ ਵਰਤਾਰਾ ਹੈ।

ਔਲਖ ਦੇ ਨਾਟਕਾਂ ਦੀਆਂ ਕਈ ਇਸਤਰੀ-ਪਾਤਰ ਪੜ੍ਹੀਆਂ-ਲਿਖੀਆਂ ਅਤੇ ਜਾਗਰੂਕ ਵੀ ਹਨ ਅਤੇ ਆਪਣੇ ਹੱਕਾਂ ਪ੍ਰਤੀ ਸੁਚੇਤ ਹਨ। ਉਹ ਸਮਾਜ ਵਿਚ ਬਦਲਾਅ ਲਿਆਉਣਾ ਚਾਹੁੰਦੀਆਂ ਹਨ, ਪਰ ਇਸ ਮਰਦ ਦੀ ਪ੍ਰਧਾਨਤਾ ਵਾਲੇ ਸਮਾਜ ਵਿਚ ਉਹਨਾਂ ਦਾ ਕੋਈ ਜ਼ੋਰ ਨਹੀਂ ਚੱਲਦਾ ਅਤੇ ਉਹ ਵੀ ਮਰਦਾਂ ਹੱਥੋਂ ਜ਼ਬਰ ਦਾ ਸ਼ਿਕਾਰ ਹੁੰਦੀਆਂ ਹਨ। 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ' ਵਿਚਲੀ ਹਰਪ੍ਰੀਤ ਇਕ ਨੀਵੀਂ ਜ਼ਾਤ ਦੇ ਮੁੰਡੇ ਨਾਲ ਇਸ਼ਕ ਕਰ ਬੈਠਦੀ ਹੈ ਤਾਂ ਉਸਦੇ ਉੱਚ

**ਕੁੱਲ ਨੂੰ ਦਾਗ਼ ਲੱਗਣ ਦਾ ਖ਼ਤਰਾ ਪੇਦਾ ਹੋ ਜਾਂਦਾ ਹੈ। ਇੰਜ ਉਹ ਆਪਣੇ ਪਰਿਵਾਰ ਦੀ ਚਾਲ ਦਾ ਸ਼ਿਕਾਰ ਹੁੰਦੀ ਹੈ।**

'ਥੋੜ੍ਹੇ ਚਿਰ ਪਿੱਛੋਂ ਹਰਪ੍ਰੀਤ ਪੰਜ-ਗ੍ਰੰਥੀ ਲਈ ਪ੍ਰਵੇਸ਼ ਕਰਦੀ ਹੈ------ਅਮੋਲਕ ਅਤੇ ਸਰਦਾਰਾ ਵੀ

ਉਸਨੂੰ ਕਾਬੂ ਕਰਨ ਲੱਗ ਪੈਂਦੇ ਹਨ। ਹਰਪ੍ਰੀਤ ਪੂਰਾ ਸੰਘਰਸ਼ ਕਰਦੀ ਹੈ , ਪਰ ਉਸਦੀ ਕੋਈ ਪੇਸ਼ ਨਹੀਂ

ਜਾ ਰਹੀ। ਅਮੋਲਕ ਅਤੇ ਕੁਲਦੇਵ ਕਾਬੂ ਕੀਤੀ ਹਰਪ੍ਰੀਤ ਦਾ ਗਲ ਲਾਠੀਆਂ ਵਿਚਕਾਰ ਲੈਂਦੇ ਹਨ--

---ਹਰਪ੍ਰੀਤ ਦੀਆਂ ਅੱਖਾਂ ਦੇ ਆਂਡੇ ਬਾਹਰ ਆਉਣੇ ਸ਼ੁਰੂ ਹੋ ਜਾਂਦੇ ਹਨ--------ਅਖ਼ੀਰ ਹਰਪ੍ਰੀਤ

ਸਾਹ-ਸੱਤਹੀਣ ਹੋਣਾ ਸ਼ੁਰੂ ਹੋ ਜਾਂਦੀ ਹੇ। ਉਸਦੇ ਮੂੰਹ ਵਿਚੋਂ ਖ਼ੂਨ ਵਗਣ ਲੱਗ ਪੈਂਦਾ ਹੈ------

ਹਰਪ੍ਰੀਤ ਦੇ ਦਮ ਤੋੜਨ ਨਾਲ ਹੀ ਦਰਦ ਭਰੇ ਅੰਦਾਜ਼ ਵਿਚ ਬੈਂਤ ਦੇ ਬੋਲ ਫ਼ਿਜ਼ਾ ਵਿਚ ਤੁਲਨਾ ਸ਼ੁਰੂ

ਕਰਦੇ ਹਨ।'[iii]

**ਔਰਤ ਦਾ ਵਿਕਣਯੋਗ ਵਸਤ ਹੋਣਾ ਔਲਖ ਦੇ ਨਾਟਕਾਂ ਦਾ ਆਮ-ਵਰਤਾਰਾ ਹੈ। ਇਸ ਸੰਬੰਧ ਵਿਚ ਡਾ. ਆਤਮਜੀਤ ਲਿਖਦੇ ਹਨ,**

"ਤੀਵੀਂ ਨੂੰ ਇਕ ਵਸਤ ਜਾਂ ਮਾਲ ਦੇ ਰੂਪ ਵਿਚ ਦੇਖਣ ਦੀ ਸਾਡੀ ਪ੍ਰਵਿਰਤੀ ਨੂੰ ਔਲਖ ਨੇ ਇਸ

ਨਾਟਕ (ਝਨਾਂ ਦੇ ਪਾਣੀ)ਵਿਚ ਪਹਿਲੇ ਨਾਟਕਾਂ ਨਾਲੋਂ ਵੀ ਵਧੇਰੇ ਸ਼ਕਤੀ ਨਾਲ ਅਗਰਭੂਮੀ ਵਿਚ

ਲਿਆਂਦਾ ਹੈ। ਗੰਗਾ ਇਕ ਖ਼ਰੀਦੀ ਹੋਈ ਤੀਵੀਂ ਹੈ, ਪਰ ਉਸਨੂੰ ਉਹ ਭੰਤੀ ਖਰੀਦਦਾ ਹੈ, ਜੋ ਕਿ

ਪਹਿਲਾਂ ਹੀ ਜੱਗੇ ਦਾ ਆਰਥਿਕ ਗੁਲਾਮ ਹੈ।'[iv]

ਇੰਝ ਖੁਦ ਵਿਕਿਆ ਮਰਦ ਵੀ ਔਰਤ ਨੂੰ ਖ਼ਰੀਦਣ ਦੀ ਸ਼ਕਤੀ ਰੱਖਦਾ ਹੈ। ਇਹ ਸ਼ਕਤੀ ਉਸ ਨੂੰ ਮਰਦ ਪ੍ਰਧਾਨ ਸਮਾਜ ਨੇ ਦਿੱਤੀ ਹੈ, ਜਿਹੜਾ ਮਰਦ ਨੂੰ ਮਾਲਕ ਤੇ ਔਰਤ ਨੂੰ ਦਾਸ ਜਾਂ ਗੁਲਾਮ ਤਸਵਰ ਕਰਦਾ ਹੈ। ਸੁਧਰੇ ਹੋਏ ਰੂਪ ਵਿਚ ਇਹ ਦਾਸ-ਪ੍ਰਥਾ ਜਾਂ ਇੰਝ ਕਹਿ ਲਈਏ ਕਿ ਗ਼ੁਲਾਮ-ਪ੍ਰਥਾ ਆਰਥਿਕ ਪੱਖ ਤੋਂ ਪਹਿਲਾਂ ਹੀ ਕਿਸੇ ਦਾ ਗ਼ੁਲਾਮ ਬਣੇ ਮਰਦ ਨੂੰ ਵੀ ਔਰਤ ਨੂੰ ਗ਼ੁਲਾਮ ਬਣਾਉਣ ਦਾ ਹੱਕ ਦਿੰਦਾ ਹੈ। ਇਹ ਹੱਕ ਹੀ ਫਿਰ ਉਸਨੂੰ ਔਰਤ 'ਤੇ ਹਿੰਸਾ ਕਰਨ ਦਾ ਅਧਿਕਾਰ ਦਿੰਦਾ ਹੈ। ਮਰਦ ਦੇ ਇਸ ਹੱਕ ਤੇ ਅਧਿਕਾਰ ਨੂੰ ਔਲਖ ਆਪਣੇ ਨਾਟਕਾਂ ਵਿਚ ਵਿਸ਼ੇਸ਼ ਥਾਂ ਦਿੰਦਾ ਹੈ।

ਇੰਝ ਔਲਖ ਦੇ ਨਾਟਕਾਂ ਵਿਚ ਔਰਤ ਵਿਕਣਯੋਗ ਵੀ ਹੈ ਅਤੇ ਘਰੇਲੂ ਹਿੰਸਾ ਦਾ ਸ਼ਿਕਾਰ ਵੀ ਹੈ। ਘਰੇਲੂ ਹਿੰਸਾ ਪੰਜਾਬੀ ਸਮਾਜ ਲਈ ਕੋਈ ਨਵਾਂ-ਵਰਤਾਰਾ ਨਹੀਂ। ਆਮ ਪੇਂਡੂ ਘਰਾਂ ਤੇ ਖ਼ਾਸ ਕਰਕੇ ਨਿਮਨ-ਮੱਧਵਰਗੀ ਪਰਿਵਾਰਾਂ ਵਿਚ ਇਹ ਆਮ ਪਾਇਆ ਜਾਣ ਵਾਲਾ ਵਰਤਾਰਾ ਹੈ। ਜ਼ਮੀਨਾਂ ਦਾ ਕਿੱਲਿਆਂ ਤੋਂ ਕਨਾਲਾਂ ਤੇ ਹੁਣ ਮਰਲਿਆਂ ਵਿਚ ਪਹੁੰਚਣ ਕਾਰਣ ਆਰਥਿਕ ਤੰਗੀ ਲਗਭਗ ਹਰ ਘਰ ਦਾ ਸਹਿਜ ਵਰਤਾਰਾ ਬਣ ਗਈ ਹੈ। ਘਰੇਲੂ ਲੋੜਾਂ ਪੂਰੀਆਂ ਨਾ ਕਰ ਸਕਣ ਕਰਕੇ ਮਰਦ ਆਪਣੀ ਸਮਾਜਿਕ ਜ਼ਿੰਮੇਵਾਰੀ 'ਤੇ ਪਰਦਾ ਪਾਉਣ ਲਈ ਔਰਤ ਤੇ ਬੱਚਿਆਂ 'ਤੇ ਹੱਥ ਵੀ ਚੁੱਕਦਾ ਹੈ ਅਤੇ ਕਈ ਵਾਰ ਹਥਿਆਰ ਵੀ। ਮੀਡੀਏ ਵਿਚ ਹਰ ਰੋਜ਼ ਅਜਿਹੀਆਂ ਅਣਗਿਣਤ ਖ਼ਬਰਾਂ ਵੱਡੀ ਤਦਾਦ ਵਿਚ ਨਸ਼ਰ ਹੁੰਦੀਆਂ ਹਨ, ਜਿਹਨਾਂ ਵਿਚ ਔਰਤ ਤੇ ਬੱਚੇ ਕਿਸੇ ਹੋਰ ਹੱਥੋਂ ਨਹੀਂ, ਸਗੋਂ ਆਪਣੇ ਹੀ ਘਰ ਦੇ ਮਰਦ ਹੱਥੋਂ ਘੋਰ ਹਿੰਸਾ ਦਾ ਸ਼ਿਕਾਰ ਹੁੰਦੇ ਵੇਖੇ ਜਾ ਸਕਦੇ ਹਨ।

ਇਹ ਵਰਤਾਰਾ ਔਲਖ ਦੇ ਨਾਟਕਾਂ ਵਿਚ ਵੀ ਆਮ ਪਾਇਆ ਜਾਂਦਾ ਹੈ। ਔਰਤ ਪਾਤਰਾਂ ਦੀ ਕੁੱਟਮਾਰ, ਉਹਨਾਂ ਦਾ ਸ਼ੋਸ਼ਣ, ਉਹਨਾਂ ਦੀ ਖ਼ਰੀਦ-ਵੇਚ ਔਲਖ ਦੇ ਨਾਟਕਾਂ ਨੂੰ ਹੋਰ ਵੀ ਯਥਾਰਥਵਾਦੀ ਰੂਪ ਪ੍ਰਦਾਨ ਕਰਦੀ ਹੈ।

ਭਰੂਣ-ਹੱਤਿਆ ਦਾ ਮਸਲਾ ਅੱਜ ਪੰਜਾਬ ਦਾ ਇਕ ਭਖ਼ਦਾ ਮਸਲਾ ਹੈ। ਤਔਲਖ ਨੇ ਇਸ ਮਸਲੇ ਨੂੰ ਵੀ ਆਪਣੇ ਨਾਟਕਾਂ ਦਾ ਵਿਸ਼ਾ ਬਣਾਇਆ। ਉਸਦੇ ਨਾਟਕ 'ਕਲਖ਼-ਹਨੇਰੇ' ਦਾ ਮੁੱਖ ਵਿਸ਼ਾ ਇਹ ਹੀ ਹੈ। ਇਸ ਨਾਟਕ ਦੀ ਮੁੱਖ ਪਾਤਰ ਬਲਦੀਪ ਦੋ ਧੀਆਂ ਦੀ ਮਾਂ ਹੈ ਅਤੇ ਤੀਸਰੀ ਵਾਰ ਮਾਂ ਬਣਨ ਵਾਲੀ ਹੈ। ਉਸਦੀ ਸੱਸ ਅਤੇ ਪਤੀ ਚਾਹੁੰਦੇ ਹਨ ਕਿ ਉਹ ਲਿੰਗ ਨਿਰਧਾਰਨ ਟੈਸਟ ਕਰਵਾਕੇ ਇਹ ਪਤਾ ਕਰੇ ਕਿ ਹੋਣ ਵਾਲਾ ਮੁੰਡਾ ਹੈ ਜਾਂ ਕੁੜੀ। ਜੇ ਤੀਜੀ ਵਾਰ ਵੀ ਕੁੜੀ ਹੋਵੇ ਤਾਂ ਉਸਨੂੰ ਗਰਭ ਵਿਚ ਹੀ ਖ਼ਤਮ ਕਰ ਦਿੱਤਾ ਜਾਵੇ। ਇਸ ਸੰਬੰਧੀ ਨਿਮਨ ਗੱਲਬਾਤ ਵਿਚਾਰਨਯੋਗ ਹੈ। ਮੁੱਖ-ਪਾਤਰ ਬਲਦੀਪ ਅਤੇ ਉਸਦੀ ਅੰਤਰ-ਆਤਮਾ ਇੱਕ ਦੂਜੇ ਨੂੰ ਮੁਖ਼ਾਤਬ ਹਨ:

ਅੰਤਰ-ਆਤਮਾ:- ਬੱਸ ਐਨੇ ਜੋਗੀ ਸੀ ਤੇਰੀ ਨਾਰੀ ਚੇਤਨਾ?
ਹੋ ਗਈ ਤਿਆਰ ਧੀ ਦਾ ਕਤਲ ਕਰਨ ਵਾਸਤੇ-------

ਬਲਦੀਪ:- ਕੀ ਪਤਾ ਮੁੰਡਾ ਹੀ ਹੋਵੇ-----------------

ਅੰਤਰ-ਆਤਮਾ:- ਜੇ ਕੁੜੀ ਹੋਈ ਤਾਂ? ਮਾਰ ਆਏਂਗੀ ਉਸਨੂੰ?

ਬਲਦੀਪ:- ਫੇ ਮੈਂ ਕੀ ਕਰ ਸਕਦੀ ਆਂ? ਮੈਂ ਇਕ ਔਰਤ ਐਂ। ਮਰਦ ਦੇ ਸਹਾਰੇ
ਜਿਉਂਣ ਆਲੀ।'[v]

ਬਲਦੀਪ ਤੇ ਉਸਦੀ ਅੰਤਰ-ਆਤਮਾ ਵਿਚ ਵਿਚਾਰਾਂ ਦੀ ਟੱਕਰ ਹੈ। ਇਕ ਬਲਦੀਪ ਚਾਹੁੰਦੀ ਹੈ ਕਿ ਪੜ੍ਹੀ-ਲਿਖੀ ਹੋਣ ਕਰਕੇ ਉਸ ਨੂੰ ਮੁੰਡੇ-ਕੁੜੀ ਦੇ ਫ਼ਰਕ ਨੂੰ ਨਹੀਂ ਸਮਝਣਾ ਚਾਹੀਦਾ। ਸਗੋਂ ਸੰਤਾਨ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ ਪਿਆਰ ਕਰਨਾ ਚਾਹੀਦਾ ਹੈ ਤੇ ਉਸਦਾ ਪਾਲਣ-ਪੋਸਣ ਕਰਨਾ ਚਾਹੀਦਾ ਹੈ, ਪਰ ਦੂਜੀ ਬਲਦੀਪ ਜੋ ਜੀਵਨ-ਯਥਾਰਥ ਨੂੰ ਨਿੱਤ ਹੱਡੀਂ ਹੰਢਾਉਂਦੀ ਹੈ, ਜਾਣਦੀ ਹੈ ਕਿ ਪੜ੍ਹੀ-ਲਿਖੀ ਹੋਣ ਤੇ ਚੇਤਨ ਹੋਣ ਦੇ ਬਾਵਜੂਦ ਵੀ ਉਹ ਪਰਿਵਾਰ ਦੀਆਂ ਇਛਾਵਾਂ ਤੇ ਦੂਜੇ ਰੂਪ ਹੁਕਮ ਨੂੰ ਟਾਲਣ ਦੀ ਹਿੰਮਤ ਨਹੀਂ ਰੱਖਦੀ। ਸਮਾਜ ਉਸਨੂੰ ਪੜ੍ਹੀ-ਲਿਖੀ ਤੇ ਚੇਤਨ ਹੋਣ ਕਰਕੇ ਮਾਨਤਾ ਨਹੀਂ ਦਿੰਦਾ। ਸਮਾਜ ਤਾਂ ਉਸ ਨੂੰ ਮੁੰਡੇ ਦੀ ਮਾਂ ਹੋਣ ਕਰਕੇ ਹੀ ਮਾਨਤਾ ਦੇਵੇਗਾ ਤੇ ਪਰਿਵਾਰ ਵਿਚ ਵੀ ਉਸਦੀ ਪੁੱਛ-ਦੱਸ ਮੁੰਡੇ ਦੀ ਮਾਂ ਕਰਕੇ ਹੋਵੇਗੀ, ਕੁੜੀ ਦੀ ਮਾਂ ਕਰਕੇ ਨਹੀਂ। ਘਰੇਲੂ ਤੇ ਸਮਾਜਿਕ ਹਿੰਸਾ ਦਾ ਇਸ ਤੋਂ ਘਿਨਾਉਣਾ ਰੂਪ ਹੋਰ ਕੀ ਹੋ ਸਕਦਾ ਹੈ?

ਇਸੇ ਇਕਾਂਗੀ ਵਿਚ ਹੀ ਬਲਦੀਪ ਅਤੇ ਨੰਨੀ ਆਵਾਜ਼ ਦੀ ਵਾਰਤਲਾਪ ਹਿੰਸਾ ਦੀ ਵੱਡੀ ਉਦਾਹਰਣ ਪੇਸ਼ ਕਰਦੀ ਹੈ। ਅਣਜੰਮੀ ਧੀ ਮਾਂ ਨੂੰ ਵਿਸ਼ਵਾਸ਼ ਦਿਵਾਉਂਦੀ ਹੈ ਕਿ ਜਨਮ ਲੈ ਕੇ ਉਹ ਉਹਨਾਂ ਦਾ ਨਾ ਰੋਸ਼ਨ ਕਰੇਗੀ, ਪਰ ਲਾਚਾਰ ਮਾਂ ਪਰਿਵਾਰ ਦੇ ਜ਼ੋਰ ਅੱਗੇ ਉਸਨੂੰ ਜਨਮ ਦੇਣ ਤੋਂ ਅਸਲੋਂ ਅਸਮਰਥ ਹੈ। ਨਿਮਨਾਂਕਿਤ ਵਾਰਤਾਲਾਪ ਵਾਚਣ ਗੋਚਰਾ ਹੈ:-

ਨੰਨੀ ਆਵਾਜ਼:- ਪੁੱਤਾਂ ਨਾਲੋਂ ਵੱਧ ਤੇਰਾ
ਨਾਂ ਰੁਸ਼ਨਾਵਾਂਗੀ ਮਾਂ!
ਪੜ੍ਹ-ਲਿਖ ਜ਼ਿੰਦਗੀ ਦੀ
ਪੌੜੀ ਚੜ੍ਹ ਜਾਵਾਂਗੀ ਮਾਂ!

--------------

ਨਾ ਮਾਰ ਅੰਮੀਏ ਨੀ

ਨਾ ਮਾਰ------------

ਬਲਦੀਪ:- ਨੀਂ ਫੇਰ ਮੈਂ ਕੱਲੀ ਕੀ ਕਰ ਸਕਦੀ ਐਂ!

ਇੱਥੇ ਤਾਂ ਛੁਰੀਆਂ ਲਈ ਰਾਕਸ਼ ਤੇ ਰਾਕਸ਼ ਖੜ੍ਹੇ ਐ

ਤੈਨੂੰ ਹਲਾਕ ਕਰਨ ਵਾਸਤੇ!----------

ਜਗਸੀਰ:- ਤੇਰੀ ਓਇ ਮਾਂ (ਜ਼ੋਰ ਦੀ ਧੱਕਾ ਦੇ ਕੇ ਸੁੱਟਦਾ) ਦੀ ਬੈਤਲ ਤੀਵੀਂ ਦੀ।

ਬਲਦੀਪ ਜ਼ੋਰ ਦੀ ਮੰਜੇ ਦੇ ਪਾਵੇ 'ਤੇ ਜਾ ਡਿੱਗਦੀ ਹੈ।

----------------ਉਸਨੂੰ ਤਾਂ ਸਾਹ ਨਹੀਂ ਆ ਰਿਹਾ।'[vi]

ਇੰਜ ਅਸੀਂ ਵੇਖਦੇ ਹਾਂ ਕਿ ਜਿਸ ਤਰ੍ਹਾਂ ਦੀ ਘਰੇਲੂ ਹਿੰਸਾ ਪੰਜਾਬ ਦੇ ਸਮਾਜ ਵਿਚ ਆਮ ਹੈ, ਉਹੀ ਔਲਖ ਦੇ ਨਾਟਕਾਂ ਦਾ ਹਿੱਸਾ ਬਣੀ ਹੈ। ਅਕਸਰ ਹੀ ਔਰਤਾਂ ਘਰ ਵਿਚ ਗਾਲ੍ਹ, ਥੱਪੜ, ਕੁੱਟਮਾਰ ਅਤੇ ਕਈ ਵਾਰ ਹਥਿਆਰ ਦਾ ਸ਼ਿਕਾਰ ਹੁੰਦੀਆਂ ਹਨ। ਮਾਂ ਨੂੰ ਪਿਆਰ ਕਰਨ ਵਾਲੇ ਬੱਚੇ ਬਾਪ ਨੂੰ ਰੋਕਣਾ ਚਾਹੁਣ ਤਾਂ ਉਹ ਵੀ ਇਸ ਹਿੰਸਾ ਦਾ ਸ਼ਿਕਾਰ ਹੋ ਜਾਂਦੇ ਹਨ।

ਔਲਖ ਦੇ ਨਾਟਕਾਂ ਵਿਚ ਔਰਤ ਹਰ ਰਿਸ਼ਤੇ ਵਿਚ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀ ਹੈ। ਮਾਂ, ਪਤਨੀ, ਭੈਣ ਤੇ ਮਹਿਬੂਬਾ ਦਾ ਰਿਸ਼ਤਾ ਵੀ ਇਸ ਹਿੰਸਾ ਤੋਂ ਨਹੀਂ ਬਚ ਸਕਿਆ। 'ਮਿਰਜ਼ੇ ਦੀ ਮੌਤ' ਕਾਵਿ-ਇਕਾਂਗੀ ਵਿਚ ਔਲਖ ਨੇ ਜਿੱਥੇ ਪ੍ਰੀਤ ਕਹਾਣੀ ਨੂੰ ਨਵੇਂ ਅਰਥ ਦਿੱਤੇ ਹਨ, ਉੱਥੇ ਉਸਨੇ ਭੈਣ ਤੇ ਮਾਸ਼ੂਕ ਦੇ ਰਿਸ਼ਤੇ ਨੂੰ ਘਰੇਲੂ ਤੇ ਸਮਾਜਿਕ ਹਿੰਸਾ ਦਾ ਸ਼ਿਕਾਰ ਹੁੰਦੇ ਵੀ ਵਿਖਾਇਆ ਹੈ। ਇਸ ਇਕਾਂਗੀ ਵਿਚ ਦੁਬਿਧਾ ਦਾ ਸ਼ਿਕਾਰ ਸਾਹਿਬਾਂ ਨੂੰ ਗੰਭੀਰ ਸਜ਼ਾ ਭੁਗਤਦੇ ਹੋਏ ਵਿਖਾਇਆ ਹੈ। ਦੁਬਿਧਾ ਇਹ ਕਿ ਉਹ ਮਿਰਜ਼ੇ ਨੂੰ ਰੂਹਾਨੀ ਇਸ਼ਕ ਕਰਦੀ ਹੈ ਅਤੇ ਆਪਣੇ ਭਰਾਵਾਂ ਨਾਲ ਉਸਦਾ ਖ਼ੂਨ ਦਾ ਰਿਸ਼ਤਾ ਹੈ। ਉਹ ਕਿਸ ਵਲ ਹੋਵੇ? ਕਿਸ ਰਿਸ਼ਤੇ ਦੀ ਪਾਲਣਾ ਕਰੇ? ਕਿਉਂਕਿ ਭੈਣ ਵਾਲਾ ਰਿਸ਼ਤੇ ਦੀ ਸਮਾਜਿਕ ਤੇ ਘਰੇਲੂ ਮੰਗ ਹੈ ਕਿ ਉਹ ਭਰਾਵਾਂ ਦੀ ਹੋਵੇ ਤੇ ਮਹਿਬੂਬਾ ਵਾਲੇ ਰਿਸ਼ਤੇ ਦੀ ਤੇ ਇਸ਼ਕ ਦੀ ਪਰੰਪਰਾ ਉਸ ਤੋਂ ਮੰਗ ਕਰਦੀ ਹੈ ਕਿ ਉਹ ਆਪਣੇ ਆਸ਼ਕ ਦੀ ਹੋਵੇ ਤੇ ਇਸ਼ਕ ਨੂੰ ਦਾਗ ਨਾ ਲਾਵੇ।

ਇਹ ਔਰਤ ਦੀ ਨਿਤਾਣੀ, ਲਚਾਰਗੀ ਭਰਪੂਰ, ਗੁਲਾਮ ਤੇ ਆਸ਼ਰਿਤ ਵਾਲੀ ਸਥਿਤੀ ਦੀ ਹੀ ਦੇਣ ਹੈ ਕਿ ਉਹ ਆਪਣੇ ਆਪ ਕੋਈ ਫ਼ੈਸਲਾ ਨਹੀਂ ਕਰ ਸਕਦੀ, ਆਪਣੇ ਰਿਸ਼ਤੇ ਦਾ ਆਪ ਫੈਸਲਾ ਨਹੀਂ ਕਰ ਸਕਦੀ। ਇਹ ਦੁਬਿਧਾ ਹੀ ਉਸਨੂੰ ਮੌਤ ਦੀ ਸਜ਼ਾ ਦਿਵਾਉਂਦੀ ਹੈ:

'ਮੈਂ ਵੱਢੀ ਵਿਚ-ਵਿਚਾਲਿਓਂ
ਮੇਰੀ ਸੁਣੀ ਕਿਸੇ ਨਾ ਹੂਕ।
ਇਕ ਧੜ ਮੇਰਾ ਭੈਣ ਦਾ
ਦੂਜਾ ਧੜ ਮਾਸ਼ੂਕ।'[vii]

ਔਲਖ ਦੇ ਇਕ ਹੋਰ ਨਾਟਕ 'ਇਕ ਰਮਾਇਣ ਹੋਰ' ਵਿਚ ਜਿੱਥੇ ਨਿਮਨ-ਕਿਸਾਨੀ ਦੀ ਆਰਥਿਕ ਮੰਦਹਾਲੀ ਨੂੰ ਆਪਣਾ ਵਿਸ਼ਾ ਬਣਾਇਆ ਹੈ, ਉੱਥੇ ਉਸਨੇ ਔਰਤ 'ਤੇ ਹੋ ਰਹੀ ਘਰੇਲੂ ਹਿੰਸਾ ਨੂੰ ਵੀ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਸੀਤੋ ਆਪਣਾ ਪਤੀਬਰਤਾ ਧਰਮ ਪੂਰੀ ਸੁੱਚਤਾ ਨਾਲ ਨਿਭਾਉਂਦੀ ਹੈ, ਪਰ ਘਰ ਦੀ ਆਰਥਿਕ ਹਾਲਤ ਉਸਦੇ ਪਤੀਬਰਤਾ ਧਰਮ ਨਾਲ ਨਗਨ ਅਵਸਥਾ ਵਿਚ ਖੇਡਦੀ ਹੈ। ਰਾਮ ਆਪ ਘਰ ਨੂੰ ਤੇ ਗ੍ਰਹਿਸਥੀ ਨੂੰ ਬੰਨ੍ਹ ਕੇ ਰੱਖਣ ਲਈ ਸੀਤੋ ਨੂੰ ਲੱਛੇ (ਸੀਤੋ ਦੇ ਜੇਠ)ਨੂੰ ਰੋਟੀ ਫੜਾਉਣ ਤੇ ਉਸਨੂੰ ਖ਼ੁਸ਼ ਰੱਖਣ ਲਈ ਕਹਿੰਦਾ ਹੈ। ਨਾ ਚਹਾਉਂਦਿਆਂ ਹੋਇਆ ਵੀ ਸੀਤੋ ਨੂੰ ਆਪਣੇ ਆਪ ਨੂੰ ਜੇਠ ਦੀ ਮੰਜੀ ਤੱਕ ਲੈ ਕੇ ਜਾਣਾ ਪੈਂਦਾ ਹੈ। ਇਕਾਂਗੀ ਵਿਚੋਂ ਕੁਝ ਵਾਰਤਲਾਪ ਇਸ ਪ੍ਰਥਾਏ ਵੇਖਣਯੋਗ ਹਨ:

ਰਾਮ : (ਸੰਕੇਤਕ ਸੁਰ ਵਿਚ ਮੁਸਕ੍ਰਾਉਂਦਾ ਹੋਇਆ)ਤੂੰ ਬੁਲਾ-ਚਲਾ ਲਿਆ ਕਰ ਉਹਨੂੰ!

ਆਪੇ ਹਟ-ਜੂ ਕਲੇਸ਼ ਮਰਨੋਂ।

ਸੀਤੋ : ਤੈਨੂੰ ਸ਼ਰਮ ਨੀਂ ਆਉਂਦੀ ਏਹੀ-ਜੀ ਗੱਲ ਮੂੰਹੋਂ ਕੱਢਦੇ ਨੂੰ?

ਮੈਂ ਲੜ ਤੇਰੇ ਲਾਈ ਐਂ ਮੇਰੇ ਬਾਪ ਨੇ ਕਿ ਉਹਦੇ?

-------------------------------------------------

ਸੀਤੋ : ਘਾਲਿਆ-ਮਾਲਿਆ ਦਾ ਤਾਂ ਮੈਨੂੰ ਪਤਾ ਨੀਂ!

ਪਰ ਇਕ ਗੱਲ ਮੈਂ ਤੈਨੂੰ ਜਮਾ ਸਾਫ ਦੱਸ ਦਿਨੀਐਂ,

ਮੈਂ ਇਸ ਜੱਟ ਨੂੰ ਆਵਦੇ ਮੰਜੇ ਦੀ ਬਾਹੀਂ 'ਤੇ ਨੀਂ ਬੈਠਣ ਦੇਣਾ! ਸਮਝਿਆ ਮੇਰੀ ਗੱਲ ?

-----------------------------------------

ਸੀਤੋ : ਮੇਰੀ ਬੇਅਕਲੀ ਕਰਕੇ ? ਅਵਦੇ ਧਰਮ ਨੂੰ ਕਾਇਮ ਰਖਣਾ ਬੇਅਕਲੀ ਲਗਦੈ ਤੈਨੂੰ ?

-----------------------------------------

ਸੀਤੋ : ਨਈਂ ਦਿੰਦਾ ਤਾਂ ਨਾ ਦਏ! ਪਰ ਮੈਂ ਅਵਦੀ ਦੇਹ ਨਹੀਂ ਜੂਠੀ ਕਰਨੀ!

-----------------------------------

**"ਤੇਰੀ ਅਗਨ ਪ੍ਰੀਖਿਆ ਮਾਂ ਸੀਤਾ**
**ਹਰ ਯੁੱਗ ਵਿਚ ਹਰ ਸਮਾਜ ਕਰਦਾ।**
**ਕਿਹੜੀ ਗੱਲ ਤੋਂ ਦੁਬਿਧਾ ਵਿਚ ਫਸਦੀ,**
**ਜੀਹਦੀ ਲਾਜ ਰੱਖੀ, ਓਹੀ ਪਾੜ ਪੜਦਾ।"**

ਅੰਤਮ ਫ਼ੈਸਲਾ ਲੈ ਕੇ ਸਾਬਤ ਕਦਮੀਂ ਸੀਤੋ ਬੈਠਕ ਵੱਲ ਜਾਂਦੀ ਹੈ।

ਸੀਤੋ : 'ਦੇਹਲੀ ਲੰਘ ਕੇ' ਮਖਾਂ ਲਾਭੇ ਦਿਆ ਤਾਇਆ ?
ਲਛਮਣ ਵੱਲੋਂ ਕੋਈ ਜਵਾਬ ਨੀਂ ਆਉਂਦਾ ਮਖਾਂ ਜੀ ਬੋਲਦਾ ਨੀਂ,
ਮੈਂ ਤਾਂ ਤੇਰੇ ਆਸਤੇ 'ਰੋਟੀ' ਲੈ ਕੇ ਆਈਐਂ!
ਲਛਮਣ : ਹੈਰਾਨੀ ਅਤੇ ਬੇਯਕੀਨੀ ਵਿਚ ਉਠਦਾ
ਸੀ.. ..ਤੋ.. ..ਤੂੰ ? ਮੇ.. ..ਰੇ.. ..ਲਈ 'ਰੋ..ਟੀ'
ਸੀਤੋ : ਮੰਜੇ ਦੀ ਬਾਹੀ 'ਤੇ ਬੈਠਦੀ ਹੋਈ ਹਾਂਅ ਮੈਂ!
ਤੂੰ ਜਿੱਤਿਆ, ਮੈਂ ਹਾਰੀ। ਥਾਲ ਅੱਗੇ ਕਰਦੀ ਹੋਈ ਲੈ ਰੋਟੀ ਖਾ!'[viii]

ਘਰ ਨੂੰ ਬੰਨ੍ਹ ਕੇ ਰੱਖਣ ਦੀ ਮਜ਼ਬੂਰੀ ਤੇ ਪਤੀ ਦੀ ਇੱਛਾ ਸਦਕਾ ਸੀਤੋ ਨੂੰ ਆਪਣੀ ਹੀ ਇੱਜ਼ਤ ਨਾਲ ਖੇਡਣਾ ਪੈਂਦਾ ਹੈ। ਘਰੇਲੂ ਹਿੰਸਾ ਤੇ ਸ਼ੋਸ਼ਣ ਦੀ ਇਹ ਮੂੰਹ ਬੋਲਦੀ ਤਸਵੀਰ ਹਕੀਕਤ ਵਿਚ ਵੀ ਪਿੰਡਾਂ ਵਿਚ ਵਾਪਰਦੀ ਆਮ ਵੇਖੀ ਜਾ ਸਕਦੀ ਹੈ।

ਇਸ ਤੋਂ ਬਿਨ੍ਹਾਂ ਔਲਖ ਦੇ ਹੋਰ ਨਾਟਕ 'ਸੱਤ ਬਿਗਾਨੇ', 'ਸੁੱਕੀ ਕੁੱਖ', 'ਅੰਨ੍ਹੇ ਨਿਸ਼ਾਨਚੀ', 'ਗਾਨੀ', 'ਢਾਂਡਾ' ਆਦਿ ਵੀ ਔਰਤ 'ਤੇ ਹੋ ਰਹੀ ਘਰੇਲੂ ਹਿੰਸਾ ਦੀ ਤਸਵੀਰ ਪੇਸ਼ ਕਰਦੀ ਹੈ।

ਉਪਰੋਕਤ ਸੰਖੇਪ ਵਿਚਾਰ-ਚਰਚਾ ਤੋਂ ਬਾਦ ਕਿਹਾ ਜਾ ਸਕਦਾ ਹੈ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਅਜਮੇਰ ਸਿੰਘ ਔਲਖ ਦੁਆਰਾ ਰਚਿਆ ਨਾਟ-ਸਾਹਿਤ ਪੰਜਾਬੀ ਸਮਾਜ ਵਿਚ ਪਾਈ ਜਾ ਰਹੀ ਹਿੰਸਕ ਪ੍ਰਵਿਰਤੀ ਤੇ ਘਰੇਲੂ ਹਿੰਸਾ ਦੇ ਸਪਾਟ ਤਸਵੀਰ ਪੇਸ਼ ਕਰਦਾ ਹੈ। ਭਾਵੇਂ ਕਾਫ਼ੀ ਹੱਦ ਤੱਕ ਪੰਜਾਬੀ ਔਰਤ ਨੇ ਪੜ੍ਹ-ਲਿਖ ਕੇ ਇਸ ਵਰਤਾਰੇ ਤੋਂ ਨਿਜਾਤ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਵੀ ਅਜੇ ਤੱਕ ਬਹੁਤ ਕੁੱਝ ਕਰਨਾ ਬਾਕੀ ਹੈ। ਘਰੇਲੂ ਹਿੰਸਾ ਦੇ ਖਿਲਾਫ਼ ਔਰਤਾਂ ਨੂੰ ਵੱਡੇ ਪੱਧਰ 'ਤੇ ਲਾਮਬੱਧ ਹੋਣਾ ਚਾਹੀਦਾ ਹੈ ਅਤੇ ਕਾਨੂੰਨਾਂ ਤੇ ਆਰਟੀਕਲਾਂ ਤੋਂ ਜਾਣੂ ਹੋ ਕੇ ਕਾਨੂੰਨੀ ਸਹਾਇਤਾ ਲੈਣੀ ਚਾਹੀਦੀ ਹੈ। ਮਰਦ ਨੂੰ ਆਪਣੀ ਸੋਚ ਬਦਲਣੀ ਪਵੇਗੀ, ਤਾਂ ਹੀ ਸਾਡਾ ਸਮਾਜ ਘਰੇਲੂ ਹਿੰਸਾ ਤੋਂ ਛੁਟਕਾਰਾ ਪਾ ਸਕੇਗਾ।

## ਹਵਾਲੇ ਤੇ ਟਿੱਪਣੀਆਂ

---

i ਅਜਮੇਰ ਸਿੰਘ ਔਲਖ, ਝਨਾਂ ਦੇ ਪਾਣੀ, ਪੰਨਾ-36

ii ਹਰਵਿੰਦਰ ਸਿੰਘ ਡਾ. ਔਧ ਅਧੂਰਿਆਂ ਦਾ ਨਾਟਕਕਾਰ-ਅਜਮੇਰ ਸਿੰਘ ਔਲਖ, ਔਲਖ ਦੀ ਨਾਟ-ਭੂਮੀ, ਪੰਨਾ-88

iii ਅਜਮੇਰ ਸਿੰਘ ਔਲਖ, ਇਸ਼ਕ ਬਾਝ ਨਮਾਜ ਦਾ ਹੱਜ ਨਾਹੀਂ, ਪੰਨਾ-30

iv ਆਤਮਜੀਤ ਸਿੰਘ- ਔਲਖ ਦੇ ਨਾਰੀ ਪਾਤਰ, ਬਿਸ਼ਨੀ ਤੋਂ ਗੰਗਾ ਤੱਕ, ਔਲਖ ਦੀ ਨਾਟ-ਭੂਮੀ, ਪੰਨਾ-55

v ਅਜਮੇਰ ਸਿੰਘ ਔਲਖ, ਕਲਸ਼ ਹਨੇਰੇ, ਪੰਨਾ-91

vi ਉਹੀ, ਪੰਨਾ-93-94

vii ਅਜਮੇਰ ਸਿੰਘ ਔਲਖ, ਅਰਬਦ ਨਰਬਦ ਧੰਧੂਕਾਰ, ਪੰਨਾ-92

viii ਅਜਮੇਰ ਸਿੰਘ ਔਲਖ, ਇਕ ਰਮਾਇਣ ਹੋਰ, ਪੰਨਾ-106, 107,119

---